## ਪੰਜਾਬ ਵਿਧਾਨ ਸਭਾ ਸਕੱਤਰੇਤ

**ਸੋਮਵਾਰ, ਮਿਤੀ 05 ਅਗਸਤ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

### ਠੇਕੇ ਤੇ ਭਰਤੀ ਕੀਤੇ ਮੁਲਾਜ਼ਮਾਂ ਸਬੰਧੀ

284. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਪੰਜਾਬ ਵਿੱਚ ਵੱਖ-ਵੱਖ ਮਹਿਕਮਿਆਂ ਅਧੀਨ ਅਪ੍ਰੈਲ 2004 ਤੋਂ ਮਾਰਚ 2019 ਤੱਕ ਕੁੱਲ ਕਿੰਨੇ ਮੁਲਾਜਮ ਕਦੋਂ-ਕਦੋਂ ਠੇਕੇ ਤੇ ਭਰਤੀ ਕੀਤੇ ਗਏ ਹਨ;

**ਅ)** ਉਪਰੋਕਤ ਭਰਤੀ ਕੀਤੇ ਗਏ ਮੁਲਾਜਮਾਂ ਵਿਚੋਂ ਕਿੰਨੇ ਪੱਕੇ ਕੀਤੇ ਗਏ ਅਤੇ ਬਾਕੀ ਰਹਿੰਦੇ ਮੁਲਾਜਮਾਂ ਨੂੰ ਕਦੋਂ ਤੱਕ ਪੱਕੇ ਕੀਤੇ ਜਾਣ ਦੀ ਸੰਭਾਵਨਾ ਹੈ?

### ਜ਼ਿਲ੍ਹਾ ਲੁਧਿਆਣਾ ਵਿਚ ਫੈਕਟਰੀਆਂ ਦੇ ਬੰਦ ਹੋਣ ਸਬੰਧੀ

285. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਲੁਧਿਆਣਾ ਜਿਲ੍ਹੇ ਦੇ ਸਾਰੇ ਹਲਕਿਆਂ ਵਿੱਚ ਸਾਲ 2007 ਤੋਂ ਸਾਲ 2017 ਤੱਕ ਕਿੰਨੀਆਂ ਫੈਕਟਰੀਆਂ ਬੰਦ ਹੋਈਆਂ ਹਨ, ਤਰਤੀਬਵਾਰ ਜਾਣਕਾਰੀ ਦਿੱਤੀ ਜਾਵੇ;

**ਅ)** ਕੀ ਹਲਕਾ ਜਗਰਾਓਂ ਵਿੱਚ ਕੋਈ ਨਵੀਂ ਫੈਕਟਰੀ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

### ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ

286. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਬੁਢਲਾਡਾ ਸਬ ਡਵੀਜਨ ਵਿੱਚ ਬਹੁਤ ਸਾਰੇ ਪਿੰਡਾਂ ਜਿਵੇਂ ਕਿ ਗੁਰਨੇ ਕਲਾਂ, ਗੁੜੱਦੀ, ਦਾਤੇਵਾਸ, ਚਕ ਅਲੀਸ਼ੇਰ, ਅੱਕਾਂ ਵਾਲੀ, ਬੁਢਲਾਡਾ ਦੇ ਛੱਪੜਾਂ ਵਿਚ ਗੰਦਾ ਪਾਣੀ ਖੜ੍ਹਾ ਰਹਿੰਦਾ ਹੈ ਅਤੇ ਉਸ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਾਰੇ ਪਿੰਡਾਂ ਦਾ ਵੇਰਵਾ ਦਿੱਤਾ ਜਾਵੇ;

**ਅ)** ਕੀ ਉਪਰੋਕਤ ਭਾਗ (ੳ) ਵਿੱਚ ਵਰਣਤ ਪਿੰਡਾਂ ਦੇ ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਕਰਨ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

### ਮਿਡਲ ਸਕੂਲਾਂ ਨੂੰ ਅੱਪਗ੍ਰੇਡ ਕਰਨਾ

287. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਡਲ ਸਕੂਲ ਵਿਚ ਪਹਿਲਾਂ ਹੀ 6 ਪੋਸਟਾਂ ਮੰਨਜੂਰ ਹੁੰਦੀਆ ਹਨ ਅਤੇ ਇਸ ਨੂੰ ਹਾਈ ਸਕੂਲ ਵਿਚ ਅੱਪਗ੍ਰੇਡ ਕਰਨ ਲਈ ਕੇਵਲ ਦੋ ਪੋਸਟਾਂ ਦੀ ਹੀ ਲੋੜ ਹੁੰਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਪੰਜਾਬ ਦੇ ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਤੌਰ ਤੇ ਅੱਪਗ੍ਰੇਡ ਕਰਨ ਲਈ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਖਾਲੀ ਪਈਆਂ ਅਸਾਮੀਆਂ ਦੀ ਭਰਤੀ

288. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਸਬ-ਡਵੀਜਨ ਦੇ ਪਿੰਡ ਬਹਾਦਰਪੁਰ ਵਿਖੇ ਇਕ ਯੂਨੀਵਰਸਿਟੀ ਕਾਲਜ ਚਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉਥੇ ਕਿੰਨੀਆਂ ਅਸਾਮੀਆਂ ਮੰਨਜੂਰਸ਼ੁਦਾ ਹਨ, ਕਿੰਨੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

### ਬਰੇਟਾ ਵਿਖੇ ਸੜਕ ਬਨਾਉਣਾ

289. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਬਰੇਟਾ ਵਿਖੇ ਸੜਕ ਬਨਾਉਣ ਲਈ ਲੋਕ ਨਿਰਮਾਣ ਵਿਭਾਗ ਦੁਆਰਾ ਟੈਂਡਰ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਟੈਂਡਰ ਕਿਸ ਕੰਪਨੀ ਨੂੰ ਦਿੱਤਾ ਗਿਆ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਉਕਤ ਸੜਕ ਦਾ ਕੰਮ ਕਾਫੀ ਦੇਰ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਬੰਦ ਹੋਣ ਦੇ ਕੀ ਕਾਰਨ ਹਨ ਅਤੇ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

### ਪਿੰਡਾਂ ਦੇ ਸਾਈਨ ਬੋਰਡ ਠੀਕ ਕਰਨਾ

290. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ-ਬਠਿੰਡਾ ਹਾਈਵੇ ਉੱਤੇ ਪੈਂਦੇ ਪਿੰਡਾਂ ਦੇ ਸਾਈਨ ਬੋਰਡ ਗਲਤ ਲੱਗੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਠੀਕ ਕੀਤੇ ਜਾਣਗੇ?

### ਲਾਲ ਡੋਰੇ ਅਨੁਸਾਰ ਮਾਲਕੀ ਹੱਕ ਦੇਣਾ

291. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਰਾਜ ਵਿਚ ਸ਼ਹਿਰੀ ਖੇਤਰਾਂ ਮੁਤਾਬਕ ਕਿੰਨੇ ਲਾਲ ਡੋਰਾ ਏਰੀਆ ਹਨ;

**ਅ)** ਇਨ੍ਹਾਂ ਲਾਲ ਡੋਰਾ ਖੇਤਰਾਂ ਵਿਚ ਸ਼ਹਿਰੀ ਖੇਤਰਾਂ ਮੁਤਾਬਕ ਕਿੰਨੇ ਘਰ ਹਨ;

**ੲ)** ਕੀ ਲਾਲ ਡੋਰਾ ਅਧੀਨ ਆਉਂਦੇ ਖੇਤਰਾਂ ਵਿਚ ਉੱਥੇ ਰਹਿਣ ਵਾਲਿਆਂ ਕੋਲ ਰੇਵੇਨਿਊ ਰਿਕਾਰਡ ਅਨੁਸਾਰ ਕੋਈ ਕਾਨੂੰਨੀ ਮਾਲਕੀ ਹੱਕ ਹਾਸਲ ਹਨ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ;

**ਸ)** ਕੀ ਇਹਨਾਂ ਦੀ ਮਾਲਕੀ ਸਿਰਫ ਪਾਣੀ, ਬਿਜਲੀ ਜਾਂ ਸੀਵਰੇਜ਼ ਦੇ ਕੁਨੈਕਸ਼ਨਾਂ ਦੇ ਅਧਾਰ ਤੇ ਹੀ ਮੰਨ ਲਈ ਜਾਂਦੀ ਹੈ;

**ਹ)** ਕੀ ਸਰਕਾਰ ਪੰਜਾਬ ਵਿਚ ਸ਼ਹਿਰੀ ਖੇਤਰਾਂ ਦੇ ਲਾਲ ਡੋਰਾ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਰੇਵੇਨਿਊ ਰਿਕਾਰਡ ਅਨੁਸਾਰ ਕਾਨੂੰਨੀ ਮਾਲਕੀ ਹੱਕ ਦੇਣ ਦਾ ਇਰਾਦਾ ਰੱਖਦੀ ਹੈ?

### ਲਾਲ ਡੋਰੇ ਦੇ ਖੇਤਰਾਂ ਸਬੰਧੀ

292. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਰਾਜ ਵਿਚ ਪੇਂਡੂ ਖੇਤਰਾਂ ਮੁਤਾਬਕ ਕਿੰਨੇ ਲਾਲ ਡੋਰਾ ਏਰੀਆ ਹਨ;

**ਅ)** ਇਨ੍ਹਾਂ ਲਾਲ ਡੋਰਾ ਖੇਤਰਾਂ ਵਿਚ ਕਿੰਨੇ ਘਰ ਹਨ;

**ੲ)** ਕੀ ਲਾਲ ਡੋਰਾ ਅਧੀਨ ਆਉਂਦੇ ਖੇਤਰਾਂ ਵਿਚ ਉੱਥੇ ਰਹਿਣ ਵਾਲਿਆਂ ਕੋਲ ਰੇਵੇਨਿਊ ਰਿਕਾਰਡ ਅਨੁਸਾਰ ਕੋਈ ਕਾਨੂੰਨੀ ਮਾਲਕੀ ਹੱਕ ਹਾਸਲ ਹਨ, ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ;

**ਸ)** ਕੀ ਇਹ ਠੀਕ ਹੈ ਕਿ ਇਹਨਾਂ ਦੀ ਮਾਲਕੀ ਸਿਰਫ ਪਾਣੀ, ਬਿਜਲੀ ਜਾਂ ਸੀਵਰੇਜ਼ ਦੇ ਕੁਨੈਕਸ਼ਨਾਂ ਦੇ ਅਧਾਰ ਤੇ ਹੀ ਮੰਨ ਲਈ ਜਾਂਦੀ ਹੈ;

**ਹ)** ਕੀ ਸਰਕਾਰ ਪੰਜਾਬ ਵਿਚ ਲਾਲ ਡੋਰਾ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਰੇਵੇਨਿਊ ਰਿਕਾਰਡ ਅਨੁਸਾਰ ਕਾਨੂੰਨੀ ਮਾਲਕੀ ਹੱਕ ਦੇਣ ਦਾ ਇਰਾਦਾ ਰੱਖਦੀ ਹੈ?

### ਕੋਟਕਪੂਰਾ ਵਿਖੇ ਸੀਵਰੇਜ਼, ਸੜਕਾਂ ਅਤੇ ਸਟ੍ਰੀਟ ਲਾਈਟਾਂ ਲਗਾਉਣਾ

293. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੋਟਕਪੂਰਾ ਸ਼ਹਿਰ ਵਿੱਚ ਸੀਵਰੇਜ਼, ਸੜਕਾਂ ਬਣਾਉਣ ਅਤੇ ਸਟ੍ਰੀਟ ਲਾਈਟਾਂ ਲਗਾਉਣ ਦੇ ਕੰਮ ਦਾ ਠੇਕਾ ਕਿਸ ਕੰਪਨੀ ਨੂੰ ਦਿੱਤਾ ਗਿਆ, ਇਸ ਕੰਮ ਦੀਆਂ ਕੰਪਨੀ ਨਾਲ ਸ਼ਰਤਾਂ ਦੇ ਵੇਰਵੇ ਕੀ ਹਨ;

**ਅ)** ਕੋਟਕਪੂਰਾ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਪਾਉਣ ਲਈ ਠੇਕਾ ਕਿਹੜੀ ਕੰਪਨੀ ਨੂੰ ਦਿੱਤਾ ਗਿਆ, ਇਸ ਕੰਮ ਦੀਆਂ ਕੀ ਸ਼ਰਤਾ ਹਨ, ਕਿੰਨੀ ਰਾਸ਼ੀ ਨਿਸ਼ਚਿਤ ਕੀਤੀ ਗਈ ਹੈ, ਹੁਣ ਤੱਕ ਕਿੰਨੀਆਂ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ ਅਤੇ ਕਿੰਨੀਆਂ ਦਾ ਕੰਮ ਬਾਕੀ ਹੈ?

**ਪਰਤੋਂ ਜੀ....**

## ਸਿਹਤ ਸੰਸਥਾਵਾਂ ਦੀ ਗਿਣਤੀ ਅਤੇ ਮੈਡੀਕਲ ਅਫਸਰਾਂ ਦੀਆਂ ਅਸਾਮੀਆਂ ਭਰਨਾ

294. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿਚ ਕੁੱਲ ਕਿੰਨੀਆਂ ਸਿਹਤ ਸੰਸਥਾਵਾਂ ਕੰਮ ਕਰ ਰਹੀਆਂ ਹਨ;

ਅ) ਸਪੈਸ਼ਲਿਸਟ/ਮੈਡੀਕਲ ਅਫ਼ਸਰਾਂ ਦੀਆਂ ਕਿੰਨੀਆਂ ਅਸਾਮੀਆਂ ਮਨਜ਼ੂਰ ਅਤੇ ਕਿੰਨੀਆਂ ਖਾਲੀ ਹਨ;

ੲ) ਖਾਲੀ ਅਸਾਮੀਆਂ ਦੀ ਭਰਤੀ ਸਰਕਾਰ ਕਦੋਂ ਤੱਕ ਕਰੇਗੀ?

## ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਪਾਲਿਸੀ ਬਣਾਉਣਾ

295. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਕੋਈ ਨਵੀਂ ਪਾਲਿਸੀ ਬਣਾਈ ਗਈ ਹੈ;

ਅ) ਜ਼ਿਲ੍ਹਾ ਫਰੀਦਕੋਟ ਵਿੱਚ ਕਿੰਨੀਆਂ ਮਿੰਨੀ ਸਰਕਾਰੀ/ਗੈਰ ਸਰਕਾਰੀ ਬੱਸਾਂ ਦੇ ਰੂਟ ਪਰਮਿਟ ਹਨ, ਦਾ ਵੇਰਵਾ ਦਿੱਤਾ ਜਾਵੇ?

## ਸਰਕਾਰੀ ਜਮੀਨਾਂ ਤੇ ਨਜਾਇਜ਼ ਕਬਜਿਆਂ ਬਾਰੇ

300. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਦੀਆਂ ਸਾਰੀਆਂ ਮਿਊਂਸੀਪਲ ਕਾਰਪੋਰੇਸ਼ਨਾਂ, ਮਿਊਂਸੀਪਲ ਕਮੇਟੀਆਂ, ਮਿਊਂਸੀਪਲ ਕਾਊਂਸਲਾਂ ਅਤੇ ਨਗਰ ਪੰਚਾਇਤਾਂ ਆਦਿ ਕੋਲ ਆਪਣੀ ਮਲਕੀਅਤ ਅਤੇ ਕਸਟਡੀ ਹੇਠ (ਕਸਟੋਡੀਅਨ ਵੱਜੋਂ) ਸਰਕਾਰੀ ਜਮੀਨ ਦਾ ਕਿੰਨਾਂ ਏਰੀਆ ਹੈ;

ਅ) ਕੀ ਇਸ ਸਾਰੇ ਏਰੀਆ ਉੱਪਰ ਸਬੰਧਤ ਮਿਊਂਸੀਪਲ ਕਾਰਪੋਰੇਸ਼ਨਾਂ/ਮਿਊਂਸੀਪਲ ਕਮੇਟੀਆਂ /ਮਿਊਂਸੀਪਲ ਕਾਊਂਸਲਾਂ ਅਤੇ ਨਗਰ ਪੰਚਾਇਤਾਂ ਕਾਬਜ ਹਨ; ਜੇਕਰ ਨਹੀਂ ਹੈ ਤਾਂ ਕਿੰਨੇ ਖੇਤਰਾਂ ਉੱਤੇ ਨਾਜਾਇਜ ਕਬਜੇ ਹਨ;

ੲ) ਕੀ ਇਹਨਾਂ ਨਾਜਾਇਜ ਕਬਜਿਆਂ ਨੂੰ ਹਟਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ;

ਸ) ਕੀ ਇਹਨਾਂ ਨਾਜਾਇਜ ਕਬਜਿਆਂ ਨੂੰ ਸਰਕਾਰ ਕੁਲੈਕਟਰ ਰੇਟ/ਜਾਂ ਕੋਈ ਹੋਰ ਨਿਰਧਾਰਿਤ ਰੇਟਾਂ ਤੇ ਇਹਨਾਂ ਦੇ ਕਾਬਜਕਾਰਾਂ ਨੂੰ ਮਲਕੀਅਤ ਟਰਾਂਸਫਰ ਕਰਨ ਦਾ ਇਰਾਦਾ ਰੱਖਦੀ ਹੈ;

ਹ) ਕੀ ਭਵਿੱਖ ਵਿਚ ਸਰਕਾਰੀ ਜਮੀਨਾਂ ਉੱਪਰ ਨਾਜਾਇਜ ਕਬਜੇ ਹੋਣ ਤੋਂ ਰੋਕਣ ਲਈ ਸਰਕਾਰ ਕੋਈ ਪੁਖਤਾ ਕਦਮ ਉਠਾ ਰਹੀ ਹੈ; ਜੇਕਰ ਹਾਂ ਉਸ ਦੇ ਵੇਰਵੇ ਕੀ ਹਨ?

## ਰਾਮਾ ਮੰਡੀ ਅਤੇ ਤਲਵੰਡੀ ਸਾਬੋ ਨੂੰ ਦਿੱਤੀਆਂ ਗ੍ਰਾਂਟਾਂ ਦਾ ਵੇਰਵਾ

301. **ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸੀਪਲ ਕਮੇਟੀ ਰਾਮਾ ਮੰਡੀ ਅਤੇ ਤਲਵੰਡੀ ਸਾਬੋ ਨੂੰ ਅਪ੍ਰੈਲ 2009 ਤੋਂ ਅਪ੍ਰੈਲ 2019 ਤੱਕ ਦਿੱਤੀਆਂ ਗਈਆਂ ਗ੍ਰਾਂਟਾਂ ਦੇ ਵੇਰਵੇ ਕੀ ਹਨ ਅਤੇ ਉਹ ਗ੍ਰਾਂਟਾਂ ਕਿਸ-ਕਿਸ ਕੰਮ ਤੇ ਇਸਤੇਮਾਲ ਕੀਤੀਆਂ ਗਈਆਂ?

## ਅਧਿਕਾਰੀਆਂ/ਕਰਮਚਾਰੀਆਂ ਵਲੋਂ 60 ਸਾਲ ਤੋਂ ਬਾਅਦ ਵੀ ਨੌਕਰੀ ਕਰਨਾ

302. **ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਅੰਦਰ ਇਸ ਸਮੇਂ 60 ਸਾਲ ਦੀ ਉਮਰ ਪਾਰ ਕਰ ਚੁੱਕੇ ਕਿੰਨੇ ਅਧਿਕਾਰੀ/ਕਰਮਚਾਰੀ ਐਕਸਟੈਸ਼ਨ/ਰੀ-ਅਪੁਆਇੰਟਮੈਂਟ ਦੇ ਆਧਾਰ ਤੇ ਸਰਕਾਰੀ ਵਿਭਾਗਾਂ/ਕਾਰਪੋਰੇਸ਼ਨਾਂ/ਬੋਰਡਾਂ ਵਿੱਚ ਨੌਕਰੀ ਕਰ ਰਹੇ ਹਨ;

ਅ) ਅਧਿਕਾਰੀਆਂ/ਕਰਮਚਾਰੀਆਂ ਨੂੰ ਅਜਿਹਾ ਵਾਧਾ ਕਿਸ ਆਧਾਰ ਤੇ ਦਿੱਤਾ ਗਿਆ ਹੈ; ਵਿਸਥਾਰ ਵਿੱਚ ਦੱਸਿਆ ਜਾਵੇ?

## ਪੰਜਾਬ ਪੁਲਿਸ ਦੇ ਆਈ.ਟੀ.ਐਂਡ.ਟੀ. ਵਿੰਗ ਵਿੱਚ ਵਿੱਤੀ/ਪ੍ਰੋਮੋਸ਼ਨ ਘੁਟਾਲਾ

303. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਪੁਲਿਸ ਵਿਭਾਗ ਦੇ ਆਈ.ਟੀ.ਐਂਡ ਟੀ ਵਿੰਗ ਵਿੱਚ ਵਿੱਤੀ/ਪ੍ਰੋਮੋਸ਼ਨ ਘੁਟਾਲਾ ਸਾਲ 2008 ਤੋਂ ਲਗਾਤਾਰ ਹੋ ਰਿਹਾ ਹੈ ਜਿਸ ਅਨੁਸਾਰ 195 ਰਿਟਾਇਰ ਹੋ ਚੁੱਕੇ ਜਾਂ ਮਰ ਚੁੱਕੇ ਕਰਮਚਾਰੀਆਂ ਦਾ ਰਿਕਾਰਡ ਬਦਲ ਕੇ/ਚੋਰੀ ਕਰਕੇ ਉਹਨਾਂ ਦੀ ਥਾਂ ਇੱਕ ਖਾਸ ਵਰਗ ਨੂੰ ਲਾਭ ਦਿੱਤਾ ਗਿਆ, ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਚੁੱਕਾ ਹੈ ਅਤੇ ਅੱਗੇ ਤੋਂ ਵੀ ਲਗਦਾ ਰਹੇਗਾ;

ਅ) ਕੀ ਇਹ ਵੀ ਠੀਕ ਹੈ ਕਿ ਰਿਟਾਇਰ ਹੋ ਚੁੱਕੇ ਜਾਂ ਮਰ ਚੁੱਕੇ ਕਰਮਚਾਰੀਆਂ ਦੇ ਰਿਕਾਰਡ ਬਦਲਣ ਜਾਂ ਚੋਰੀ ਸਬੰਧੀ ਐਫ.ਆਈ.ਆਰ ਨੰਬਰ 18/2017 ਸੈਕਟਰ 3 ਚੰਡੀਗੜ੍ਹ ਵਿੱਚ ਦਰਜ ਹੈ ਜਿਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ;

ੲ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਘੁਟਾਲੇ ਦੀ ਲਗਾਤਾਰਤਾ ਵਿੱਚ 30-6-2019 ਨੂੰ 22 ਕਰਮਚਾਰੀਆਂ ਨੂੰ ਡੀ.ਐਸ.ਪੀ. ਦੀ ਤਰੱਕੀ ਵੀ ਦੇ ਦਿੱਤੀ ਗਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸਾਰੇ ਘੁਟਾਲੇ ਦੀ ਕੋਈ ਜਾਂਚ ਕਿਸੇ ਸਿਟ ਰਾਹੀਂ ਕੀਤੀ ਜਾਵੇਗੀ;

ਸ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਘਪਲੇ ਸਬੰਧੀ ਵਿਰੋਧੀ ਧਿਰ ਦੇ ਨੇਤਾ ਵੱਲੋਂ 25-6-2019 ਨੂੰ ਵਧੀਕ ਮੁੱਖ ਸਕੱਤਰ ਅਤੇ 28-6-2019 ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਨੂੰ ਪੱਤਰ ਭੇਜੇ ਗਏ ਸਨ; ਜੇਕਰ ਅਜਿਹਾ ਹੈ ਤਾਂ ਉਹਨਾਂ ਤੇ ਕੀ ਕਾਰਵਾਈ ਕੀਤੀ ਗਈ ਹੈ?

## ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੀਣਯੋਗ ਸਾਫ ਪਾਣੀ ਮੁਹੱਈਆ ਕਰਵਾਉਣਾ

304. **ਸਰਦਾਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੀਣਯੋਗ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ; ਜੇਕਰ ਕਰਵਾਇਆ ਜਾ ਰਿਹਾ ਹੈ ਤਾਂ ਇਹ ਕਿਹੜੇ ਪ੍ਰਬੰਧਾਂ ਰਾਹੀਂ ਕਰਵਾਇਆ ਜਾ ਰਿਹਾ ਹੈ;

ਅ) ਜਿਨ੍ਹਾਂ ਸਕੂਲਾਂ ਵਿੱਚ ਪੀਣਯੋਗ ਪਾਣੀ ਸਰਕਾਰ ਵੱਲੋਂ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਦੇ ਨਾਮ ਕੀ-ਕੀ ਹਨ, ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ?

## ਪਿੰਡਾਂ ਵਿੱਚ ਕੋਆਪਰੇਟਿਵ ਸੋਸਾਇਟੀਆਂ ਖੋਲ੍ਹਣਾ

305. **ਸਰਦਾਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਅੰਦਰ ਕੁੱਲ ਕਿੰਨੇ ਪਿੰਡਾਂ ਅਤੇ ਕਿਹੜੇ ਕਿਹੜੇ ਪਿੰਡਾਂ ਵਿੱਚ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ ਹੋਈਆਂ ਹਨ;

ਅ) ਕੀ ਬਾਕੀ ਰਹਿੰਦੇ ਪਿੰਡਾਂ ਵਿੱਚ ਕੋਆਪਰੇਟਿਵ ਸੋਸਾਇਟੀਆਂ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ;

ੲ) ਇਨ੍ਹਾਂ ਸੋਸਾਇਟੀਆਂ ਨੂੰ ਖੋਲ੍ਹਣ ਲਈ ਕੀ ਮਾਪ ਦੰਡ ਅਪਣਾਇਆ ਜਾਂਦਾ ਹੈ; ਵਿਸਥਾਰ ਸਹਿਤ ਵੇਰਵਾ ਦਿੱਤਾ ਜਾਵੇ।

**ਚੰਡੀਗੜ੍ਹ**
**ਮਿਤੀ 02 ਅਗਸਤ, 2019**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**